Washington State Department of Social & Health Services
Transforming lives

# ਮਾਲੀ ਸਟੇਟਮੈਂਟ

## Financial Statement

ਗਾਹਕ ਦਾ ਨਾਂ

ਕੀ ਤੁਹਾਨੂੰ ਮਿਲੀ ਹੈ:
☐ SSI ☐ SSDI ☐ Medicaid (ਮੈਡਿਕਏਡ)
☐ DSHS ਨਗਦੀ ਜਾਂ ਭੋਜਨ ਸਹਾਇਤਾ
ਜੇ ਤੁਹਾਨੂੰ ਉੱਪਰ ਦਿੱਤਿਆਂ ਵਿਚੋਂ ਕੋਈ ਮਿਲਿਆ ਹੈ, ਤਾਂ ਇਸ ਫ਼ਾਰਮ ਦੇ ਸਿਰਫ਼ **E** ਅਤੇ **G** ਸੈਕਸ਼ਨਾਂ ਦੀ ਲੋੜ ਹੈ।
ਇਹਨਾਂ ਦੇ ਅਧਾਰ 'ਤੇ ਜ਼ਰੂਰਤ ਦਾ ਨਿਰਣਾ ਕੀਤਾ ਜਾਏਗਾ:
☐ ਪਰਿਵਾਰ ਦੀ ਯੂਨਿਟ ☐ ਗਾਹਕ

ਇਸ ਫ਼ਾਰਮ ਦਾ ਉਦੇਸ਼ ਤੁਹਾਡੇ ਮਾਲੀ ਦਰਜੇ ਦਾ ਦਸਤਾਵੇਜ਼ ਤਿਆਰ ਕਰਨਾ ਹੈ। ਤੁਹਾਡੀ ਆਮਦਨ ਅਤੇ ਅਚਲ ਸੰਪਤੀ ਅਤੇ ਨਿਜੀ ਅਸਾਸਿਆਂ ਤੋਂ ਰਕਮਾਂ ਦੇ ਅਧਾਰ 'ਤੇ ਰੋਜ਼ਗਾਰ ਲਈ ਤੁਹਾਡੇ ਵਿਅਕਤੀਗਤ ਪਲਾਨ (IPE) ਦੀ ਲਾਗਤ ਲਈ ਤੁਹਾਡੇ ਯੋਗਦਾਨ ਦਾ ਨਿਰਣਾ ਕੀਤਾ ਜਾਏਗਾ। ਕਿੱਤਾਮੁਖੀ ਮੁੜ-ਵਸੇਬਾ ਬਾਰੇ ਵਿਭਾਗ (DVR) ਵਲੋਂ ਤੁਹਾਡੀਆਂ IPE ਦੀਆਂ ਲਾਗਤਾਂ ਲਈ ਮਾਲੀ ਤੌਰ 'ਤੇ ਯੋਗਦਾਨ ਪਾਉਣ ਦੀ ਤੁਹਾਡੀ ਸਮਰੱਥਾ ਦਾ ਹਿਸਾਬ ਲਾਉਣ ਲਈ ਇਸ ਜਾਣਕਾਰੀ ਦੀ ਵਰਤੋਂ ਕੀਤੀ ਜਾਏਗੀ। ਜੇ ਲਾਗੂ ਹੈ, ਤਾਂ ਤੁਹਾਡੇ, ਤੁਹਾਡੇ ਮਾਤਾ-ਪਿਤਾ, ਸਰਪ੍ਰਸਤ ਜਾਂ ਕਿਸੇ ਹੋਰ ਨੁਮਾਇੰਦੇ ਵਲੋਂ ਮੁਹੱਈਆ ਕਰਾਈ ਗਈ ਜਾਣਕਾਰੀ ਦੇ ਅਧਾਰ 'ਤੇ ਇਹ ਫ਼ਾਰਮ ਤੁਹਾਡੇ ਅਤੇ DVR ਨੁਮਾਇੰਦੇ ਵਲੋਂ ਭਰਿਆ ਜਾਏ। ਪਿਛਲੇ ਟੈਕਸ ਸਾਲ ਦੌਰਾਨ, ਤੁਹਾਡੇ ਵਲੋਂ ਦਾਇਰ ਕੀਤੇ ਗਏ ਆਪਣੇ ਫ਼ੈਡਰਲ ਆਮਦਨ ਟੈਕਸ 'ਤੇ ਨਿਰਭਰ ਕਰਦਿਆਂ ਹੋਇਆਂ ਜਾਂ ਤਾਂ ਤੁਹਾਡੀ ਪਰਿਵਾਰਕ ਯੂਨਿਟ ਜਾਂ ਇੱਕ ਵਿਅਕਤੀਗਤ ਗਾਹਕ ਵਜੋਂ ਤੁਹਾਡੇ ਅਧਾਰ 'ਤੇ ਤੁਹਾਡੀ ਆਮਦਨ, ਅਸਾਸਿਆਂ ਅਤੇ ਦੇਣਦਾਰੀਆਂ ਦਾ ਹਿਸਾਬ ਲਾਇਆ ਜਾਏਗਾ।

### A. ਤਰਮੀਮੀ ਤਰਤੀਬਬੱਧ ਕੁੱਲ ਆਮਦਨ (ਸਰਲ ਬਣਾਈ ਗਈ ਮਾਲੀ ਸਟੇਟਮੈਂਟ)

ਜੇ ਤੁਹਾਡੇ ਕੋਲ ਤੁਹਾਡੀ ਸਭ ਤੋਂ ਹਾਲੀਆ ਭਰੀ ਹੋਈ ਟੈਕਸ ਰਿਟਰਨ ਹੈ, ਤਾਂ ਭਰੋ:

| | |
|---|---|
| 1. ਤਰਤੀਬਬੱਧ ਕੁੱਲ ਆਮਦਨ (ਫ਼ਾਰਮ 1040EZ: ਲਾਈਨ 4; ਫ਼ਾਰਮ 1040A: ਲਾਈਨ 21; ਫ਼ਾਰਮ 1040: ਲਾਈਨ 37) | $ |
| 2. ਵਿਦੇਸ਼ੀ ਆਮਦਨ ਨੂੰ ਕੁੱਲ ਆਮਦਨ ਤੋਂ ਬਾਹਰ ਰਖਿਆ ਗਿਆ ਹੈ (ਫ਼ਾਰਮ 1040: ਲਾਈਨ 7), ਟੈਕਸ ਛੋਟ ਦਾ ਵਿਆਜ (ਫ਼ਾਰਮ 1040: ਲਾਈਨ 8b) ਅਤੇ ਬਿਨਾ ਟੈਕਸ ਵਾਲੀ ਸੋਸ਼ਲ ਸਿਕਿਓਰਿਟੀ ਰਿਟਾਇਰਮੈਂਟ ਜਾਂ ਜਿਉਂਦੇ ਵਿਅਕਤੀ ਦੇ ਲਾਭ (ਫ਼ਾਰਮ 1040 'ਤੇ ਲਾਈਨਾਂ 20a ਅਤੇ 20b ਵਿਚਕਾਰ ਵੱਖਰਤਾ) | + $ |
| ਤਰਮੀਮੀ ਤਰਤੀਬਬੱਧ ਕੁੱਲ ਆਮਦਨ (ਸਲਾਨਾ ਅਧਾਰ) | = $ |

ਜੇ ਤੁਹਾਡੀ ਤਰਮੀਮੀ ਤਰਤੀਬਬੱਧ ਕੁੱਲ ਆਮਦਨ **(MAGI)** ਹੇਠਾਂ ਦਿੱਤੇ ਟੇਬਲ ਵਿਚਲੀਆਂ ਹੱਦਾਂ ਤੋਂ ਵੱਧ ਨਹੀਂ ਹੈ, ਤਾਂ ਤੁਹਾਡਾ **VR** ਸਲਾਹਕਾਰ ਉਪਲਬਧ ਕਰਾਈ ਗਈ ਜਾਣਕਾਰੀ ਦੀ ਪੁਸ਼ਟੀ ਕਰੇਗਾ ਅਤੇ ਤੁਹਾਡੀ **IPE** ਦੀ ਲਾਗਤ ਵਿਚਲੀ ਮਾਲੀ ਹਿੱਸੇਦਾਰੀ ਲਈ ਸ਼ਰਤਾਂ ਵਿਚ ਛੋਟ ਦਏਗਾ।

ਜੇ ਤੁਹਾਡੇ ਕੋਲ ਤੁਹਾਡੀ ਸਭ ਤੋਂ ਹਾਲੀਆ ਭਰੀ ਹੋਈ ਟੈਕਸ ਰਿਟਰਨ ਨਹੀਂ ਹੈ, ਤਾਂ ਭਰੋ:

| | |
|---|---|
| 1. ਸਭ ਤੋਂ ਹਾਲੀਆ ਮਹੀਨੇ ਲਈ ਉਜਰਤਾਂ, ਟਿਪਸ ਅਤੇ ਤਨਖਾਹ (ਰੋਕਕੇ ਰੱਖੇ ਗਏ ਟੈਕਸਾਂ ਤੋਂ ਪਹਿਲਾਂ) | $ |
| 2. ਸਵੈ-ਰੋਜ਼ਗਾਰ ਆਮਦਨ (ਕਾਰੋਬਾਰ ਸਬੰਧੀ ਕਿਸੇ ਵੀ ਖ਼ਰਚਿਆਂ ਦਾ ਭੁਗਤਾਨ ਕੀਤੇ ਜਾਣ ਤੋਂ ਬਾਅਦ) | + $ |
| 3. ਪ੍ਰਾਪਤ ਕੀਤੀ ਗਈ ਕੋਈ ਹੋਰ ਆਮਦਨ (ਉਦਾਹਰਣ ਲਈ, ਬੇਰੋਜ਼ਗਾਰੀ ਲਾਭ, ਗੁਜ਼ਾਰਾ ਭੱਤਾ, ਰਿਟਾਇਰਮੈਂਟ ਦੇ ਲਾਭ, ਵਿਆਜੀ ਆਮਦਨ, ਪੂੰਜੀ 'ਤੇ ਹੋਏ ਲਾਭ, ਲਾਭ-ਅੰਸ਼) | + $ |
| 4. ਕੋਈ ਕਟੌਤੀਆਂ (ਉਦਾਹਰਣ ਲਈ, ਭੁਗਤਾਨ ਕੀਤਾ ਗਿਆ ਗੁਜ਼ਾਰਾ ਭੱਤਾ, ਆਪਣੇ ਆਪ ਲਈ ਟਿਊਸ਼ਨ ਅਤੇ ਫ਼ੀਸਾਂ ਦਾ ਭੁਗਤਾਨ, HSA ਖਾਤੇ ਲਈ ਯੋਗਦਾਨ) | - $ |
| ਤਰਮੀਮੀ ਤਰਤੀਬਬੱਧ ਕੁੱਲ ਆਮਦਨ (ਸਲਾਨਾ ਅਧਾਰ) | = $ |

| ਆਮਦਨ | ਵਿਅਕਤੀਗਤ | 2 ਦਾ ਪਰਿਵਾਰ | 3 ਦਾ ਪਰਿਵਾਰ | 4 ਦਾ ਪਰਿਵਾਰ | 5 ਦਾ ਪਰਿਵਾਰ | 6 ਦਾ ਪਰਿਵਾਰ | 7 ਦਾ ਪਰਿਵਾਰ | 8 ਦਾ ਪਰਿਵਾਰ |
|---|---|---|---|---|---|---|---|---|
| ਮਹੀਨੇਵਾਰ | $3 248 | $4 397 | $5 546 | $6 695 | $7 845 | $8 993 | $10 143 | $11 292 |
| ਸਲਾਨਾ | $38 969 | $52 760 | $66 550 | $80 340 | $94 131 | $107 921 | $121 712 | $135 502 |

ਧਿਆਨ ਦਿਓ: ਜੇ ਤੁਹਾਡੀ MAGI ਉਪਰੋਕਤ ਤੋਂ ਵੱਧ ਨਹੀਂ ਹੈ, ਤਾਂ ਸਿੱਧਿਆਂ ਇਸ ਫ਼ਾਰਮ ਦੇ ਸੈਕਸ਼ਨ **G** 'ਤੇ ਜਾਓ।

### B. ਸਾਰੇ ਸ੍ਰੋਤਾਂ ਤੋਂ ਮਹੀਨੇਵਾਰ ਆਮਦਨ (ਸਿਰਫ਼ ਉਦੋਂ ਭਰੋ, ਜੇ MAGI ਸੈਕਸ਼ਨ A ਵਿਚ ਦਿੱਤੇ ਗਏ ਟੇਬਲ ਵਿਚਲੀ ਰਕਮ ਤੋਂ ਵੱਧ ਹੈ)

| | |
|---|---|
| 1. ਟੈਕਸਾਂ ਤੋਂ ਬਾਅਦ ਉਜਰਤਾਂ, ਟਿਪਸ ਅਤੇ/ਜਾਂ ਤਨਖਾਹਾਂ (ਜਾਂ ਖ਼ਰਚਿਆਂ ਤੋਂ ਬਾਅਦ ਸਵੈ-ਰੋਜ਼ਗਾਰ ਆਮਦਨ) | $ |
| 2. ਮੁਆਵਜ਼ਾ, ਬੀਮਾ, ਪੇਨਸ਼ਨਾਂ, ਟ੍ਰਸਟ ਜਾਂ ਲਾਭ-ਅੰਸ਼ਾਂ ਤੋਂ ਮਹੀਨੇਵਾਰ ਸਲਾਨਾ ਭੱਤਾ, ਵਿਆਜ ਅਤੇ/ਜਾਂ ਕਿਰਾਏ | + $ |
| 3. ਨਿਰਬਾਹ ਅਤੇ/ਜਾਂ ਬਾਲ ਸਹਾਇਤਾ | + $ |
| 4. ਹੋਰ ਆਮਦਨ | + $ |
| **B.** ਕੁੱਲ ਮਹੀਨੇਵਾਰ ਆਮਦਨ | = $ |

| **C.** ਅਚਲ ਸੰਪਤੀ ਅਤੇ ਨਿਜੀ ਅਸਾਸੇ (ਸਿਰਫ਼ ਉਦੋਂ ਭਰੋ, ਜੇ **MAGI** ਸੈਕਸ਼ਨ **A** ਵਿਚ ਦਿੱਤੇ ਗਏ ਟੇਬਲ ਵਿਚਲੀ ਰਕਮ ਤੋਂ ਵੱਧ ਹੈ) | | |
|---|---|---|
| 1. ਚੈਕਿੰਗ/ਬਚਤ (ਕੁੱਲ) – ਮੌਜੂਦਾ ਮਹੀਨੇਵਾਰ ਸਟੇਟਮੈਂਟ (ਸਟੇਟਮੈਂਟਾਂ) ਨੱਥੀ ਕਰੋ | $ | |
| 2. ਮੋਟਰ ਗੱਡੀਆਂ – ਜੇ ਗੱਡੀ ਕੰਮ, ਸਕੂਲ ਜਾਂ VR/IL ਸੇਵਾਵਾਂ ਲਈ ਲੋੜੀਂਦੀ ਹੈ, ਤਾਂ ਘਰ ਦੇ ਹਰ ਮੈਂਬਰ ਲਈ ਇੱਕ ਗੱਡੀ ਬਾਹਰ ਰੱਖੋ; ਗੱਡੀਆਂ ਅਤੇ ਕੀਮਤ ਦੱਸੋ | A. | + $ |
| | B. | + $ |
| 3. ਮਨੋਰੰਜਨ ਨਾਲ ਜੁੜੀਆਂ ਹੋਈਆਂ ਗੱਡੀਆਂ (ਕਿਸ਼ਤੀਆਂ, ਟ੍ਰੇਲਰ, ਮੋਟਰਸਾਈਕਲਾਂ ਆਦਿ); ਗੱਡੀਆਂ ਅਤੇ ਕੀਮਤ ਦੱਸੋ | | + $ |
| | | + $ |
| 4. ਅਚਲ ਸੰਪਤੀ ਅਤੇ ਢਾਂਚੇ – ਆਪਣੀ ਮੁੱਖ ਰਿਹਾਇਸ਼ ਨੂੰ ਬਾਹਰ ਰੱਖੋ | + $ | |
| 5. ਸ਼ੇਅਰ, ਬੌਂਡ, ਟ੍ਰਸਟ, ਜਮ੍ਹਾ ਕਰਾਈਆਂ ਗਈਆਂ ਰਕਮਾਂ ਦੇ ਸਰਟੀਫ਼ਿਕੇਟ ਆਦਿ, ਜਿਹਨਾਂ ਨਾਲ ਉੱਪਰ ਦਿੱਤੀ ਗਈ ਆਮਦਨ ਨਹੀਂ ਹੁੰਦੀ | + $ | |
| ਬੁਨਿਆਦੀ ਅਸਾਸੇ ਦੀ ਛੋਟ | - $ | 5,000 |
| **C.** ਕੁੱਲ ਅਚਲ ਸੰਪਤੀ ਅਤੇ ਨਿਜੀ ਅਸਾਸੇ | = $ | |

| **D.** ਅਸਲ ਮਹੀਨੇਵਾਰ ਦੇਣਦਾਰੀਆਂ (ਸਿਰਫ਼ ਉਦੋਂ ਭਰੋ, ਜੇ **MAGI** ਸੈਕਸ਼ਨ **A** ਵਿਚ ਦਿੱਤੇ ਗਏ ਟੇਬਲ ਵਿਚਲੀ ਰਕਮ ਤੋਂ ਵੱਧ ਹੈ) | | | |
|---|---|---|---|
| 1. ਕਿਰਾਏ/ਮੌਰਟਗੇਜ ਦੇ ਭੁਗਤਾਨ | $ | | |
| 2. ਸੰਪਤੀ ਟੈਕਸ | + $ | | |
| 3. ਉਪਯੋਗਤਾ, ਟੈਲੀਫੋਨ ਆਦਿ | + $ | | |
| 4. ਬੀਮਾ ਭੁਗਤਾਨ ਕਿਸਮ ਅਤੇ ਰਕਮ ਦੱਸੋ | ਔਟੋ ਬੀਮਾ | | + $ |
| | | | + $ |
| | | | + $ |
| 5. ਕ੍ਰੈਡਿਟ ਜਾਂ ਚਾਰਜ ਵਾਲੇ ਖਾਤੇ; ਦੱਸੋ | ਕ੍ਰੈਡਿਟਰ/ਕਰਜ਼ਾ | ਕੁੱਲ ਬਕਾਇਆ | ਮਹੀਨੇਵਾਰ ਘੱਟੋ-ਘੱਟ |
| | | $ | + $ |
| | | $ | + $ |
| | | $ | + $ |
| 6. ਕਰਜ਼ੇ ਦੇ ਭੁਗਤਾਨ; ਦੱਸੋ | ਕ੍ਰੈਡਿਟਰ/ਕਰਜ਼ਾ | ਕੁੱਲ ਬਕਾਇਆ | ਮਹੀਨੇਵਾਰ ਘੱਟੋ-ਘੱਟ |
| | | $ | + $ |
| | | $ | + $ |
| | | $ | + $ |
| 7. ਮੈਡੀਕਲ ਖ਼ਰਚੇ; ਦੱਸੋ | ਪ੍ਰੋਵਾਈਡਰ | ਕੁੱਲ ਬਕਾਇਆ | ਮਹੀਨੇਵਾਰ ਘੱਟੋ-ਘੱਟ |
| | | $ | + $ |
| | | $ | + $ |
| | | $ | + $ |
| 8. ਅਸਮਰੱਥਾ (ਅਪਾਹਜ) ਸਬੰਧੀ ਹੋ ਰਹੇ ਖ਼ਰਚੇ (ਟਹਿਲ-ਸੇਵਾ ਕਰਨ ਵਾਲਾ, ਥੈਰੇਪੀ, ਪਰਚੀ 'ਤੇ ਲਿਖੀਆਂ ਦਵਾਈਆਂ, ਉਪਕਰਣ ਆਦਿ) | + $ | | |
| 9. ਟ੍ਰਾਂਸਪੋਰਟੇਸ਼ਨ ਦੇ ਖ਼ਰਚੇ | + $ | | |
| 10. ਗੱਡੀ ਦਾ/ਦੇ ਲਾਇਸੈਂਸ (ਹਰ ਮਹੀਨੇ) | + $ | | |
| 11. ਭੋਜਨ | + $ | | |
| 12. ਕਪੜੇ | + $ | | |
| 13. ਹੋਰ; ਦੱਸੋ | | | + $ |
| | | | + $ |
| **D.** ਅਸਲ ਮਹੀਨੇਵਾਰ ਦੇਣਦਾਰੀਆਂ | = $ | | |

| **E. DSHS ਨਗਦੀ ਜਾਂ ਭੋਜਨ ਸਹਾਇਤਾ/SSI/ SSDI ਮੈਡੀਕਲ ਪੁਸ਼ਟੀ/ਬੈਂਕ ਸਟੇਟਮੈਂਟ ਦੀ ਛੋਟ (DVR ਸਟਾਫ਼)** | |
|---|---|
| 1. ਮੈਂ ਪੁਸ਼ਟੀ ਕਰਦਾ ਹਾਂ ਕਿ ਗਾਹਕ ਨੂੰ DSHS ਨਗਦੀ ਜਾਂ ਭੋਜਨ ਸਹਾਇਤਾ, SSI, SSDI ਜਾਂ Medicaid (ਮੈਡਿਕਏਡ) ਮਿਲ ਰਹੀ ਹੈ, ਮਾਲੀ ਸਟੇਟਮੈਂਟ ਲਈ ਢੁਕਵੇਂ ਦਸਤਾਵੇਜ਼ ਨੱਥੀ ਕਰੋ। | VRC ਦੇ ਛੋਟੇ ਦਸਤਖ਼ਤ |
| 2. ਮੈਂ ਬੈਂਕ ਸਟੇਟਮੈਂਟਾਂ ਅਤੇ ਹੋਰ ਮਾਲੀ ਜਾਣਕਾਰੀ ਲਈ ਜ਼ਰੂਰਤ ਵਿਚ ਛੋਟ ਦਿੱਤੀ ਹੈ। | VRC ਦੇ ਛੋਟੇ ਦਸਤਖ਼ਤ |

| **F. ਰੋਜ਼ਗਾਰ ਲਈ ਵਿਅਕਤੀਗਤ ਪਲਾਨ ਵਿਚ ਗਾਹਕ ਦੇ ਯੋਗਦਾਨ ਦਾ ਹਿਸਾਬ-ਕਿਤਾਬ (DVR ਸਟਾਫ਼)** | | |
|---|---|---|
| ਕਿਰਪਾ ਕਰਕੇ **IPE** ਵਿਚ ਮਹੀਨਿਆਂ ਦੀ ਅੰਦਾਜ਼ਨ ਤਦਾਦ ਭਰੋ | | |
| 1. ਕੁੱਲ ਮਹੀਨੇਵਾਰ ਆਮਦਨ (ਸੈਕਸ਼ਨ B ਤੋਂ) | **B** | $ |
| 2. ਕੁੱਲ ਅਚਲ ਸੰਪਤੀ ਅਤੇ ਨਿਜੀ ਅਸਾਸਿਆਂ (ਸੈਕਸ਼ਨ C ਤੋਂ) ਨੂੰ ਵਿਚਲੇ ਮਹੀਨਿਆਂ ਦੀ ਤਦਾਦ ਰਾਹੀਂ ਭਾਗ ਕੀਤੇ ਗਏ ਪਲਾਨ (ਮਹੀਨੇਵਾਰ ਅਸਾਸਿਆਂ ਲਈ) | ਵਿਚ ਮਹੀਨਿਆਂ ਦੀ ਤਦਾਦ ਨਾਲ ਭਾਗ ਕੀਤਾ ਗਿਆ ਹੈ | + $ |
| 3. ਕੁੱਲ ਮਹੀਨੇਵਾਰ ਸ੍ਰੋਤ | ਲਾਈਨ 1 ਦੇ ਨਾਲ ਹੀ ਲਾਈਨ 2 | = $ |
| 4. ਕੁੱਲ ਅਸਲ ਮਹੀਨੇਵਾਰ ਦੇਣਦਾਰੀਆਂ (ਸੈਕਸ਼ਨ D ਤੋਂ) | **D** | - $ |
| 5. IPE ਲਈ ਉਪਲਬਧ ਮਹੀਨੇਵਾਰ ਕੁੱਲ ਫ਼ੰਡ | ਲਾਈਨ 3 ਮਨਫ਼ੀ ਲਾਈਨ 4 | = $ |
| 6. IPE ਸੇਵਾਵਾਂ ਲਈ ਉਪਲਬਧ ਕੁੱਲ ਫ਼ੰਡ | ਰਾਹੀਂ ਗੁਣਾ ਕੀਤੀ ਗਈ ਲਾਈਨ 5 IPE ਵਿਚ ਮਹੀਨਿਆਂ ਦੀ ਤਦਾਦ | = $ |
| ਜੇ ਉਪਰੋਕਤ (ਆਈਟਮ 5 ਅਤੇ 6) IPE ਲਈ ਉਪਲਬਧ ਫ਼ੰਡ ਮਨਫ਼ੀ ਨਾਲੋਂ ਵੱਧ ਹਨ, ਤਾਂ ਗਾਹਕ ਦੇ IPE ਵਿਚ (ਉਹਨਾਂ ਸੈਕਸ਼ਨਾਂ ਵਿਚ, ਜੋ "ਪਲਾਨ ਨਾਲ ਜੁੜੀਆਂ ਲਾਗਤਾਂ" ਦਾ ਪਤਾ ਲਾਉਂਦੇ ਹਨ) ਇਸ ਰਕਮ ਅਤੇ ਸੇਵਾਵਾਂ ਦਾ ਦਸਤਾਵੇਜ਼ੀਕਰਣ ਕੀਤਾ ਜਾਏਗਾ। | | |

**G. ਗਾਹਕ ਦਾ ਐਲਾਨਨਾਮਾ**

ਵਾਸ਼ਿੰਗਟਨ ਦੇ ਪ੍ਰਸ਼ਾਸਨੀ ਕੋਡ (WAC) ਅਨੁਸਾਰ, ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਨੂੰ SSI, SSDI, Medicaid (ਮੈਡਿਕਏਡ) ਜਾਂ DSHS ਆਮਦਨ ਸਹਾਇਤਾ ਮਿਲਦੀ ਹੈ, ਤਾਂ ਮੈਨੂੰ ਲਈਆਂ ਜਾਂਦੀਆਂ VR ਸੇਵਾਵਾਂ ਦੇ ਕਿਸੇ ਹਿੱਸੇ ਲਈ ਭੁਗਤਾਨ ਕਰਨ ਦੀ ਲੋੜ ਨਹੀਂ ਹੈ। ਜੇ ਮੈਂ ਚਾਹਾਂ, ਤਾਂ ਮੈਂ ਕੁਝ ਸੇਵਾਵਾਂ ਲਈ ਭੁਗਤਾਨ ਕਰਨ ਦੀ ਚੋਣ ਕਰ ਸਕਦਾ/ਸਕਦੀ ਹਾਂ, ਪਰ ਮੈਨੂੰ ਇੰਜ ਕਰਨ ਦੀ ਲੋੜ ਨਹੀਂ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ ਇਹ ਜਾਣਕਾਰੀ ਗੁਪਤ ਹੈ ਅਤੇ ਚੈਪਟਰ 388-891A, WAC ਅਨੁਸਾਰ ਇਸ ਨੂੰ ਸਿਰਫ਼ ਮੇਰੇ IPE ਵਿਚਲੇ ਟੀਚੇ ਨੂੰ ਸਿਰੇ ਚਾੜ੍ਹਣ ਲਈ ਵਰਤਿਆ ਜਾਂਦਾ ਹੈ।

ਮੈਂ ਝੂਠੀ ਗੁਆਹੀ ਦੀ ਸਜ਼ਾ ਹੇਠ ਸਹੁੰ ਚੁੱਕਦਾ/ਚੁੱਕਦੀ ਹਾਂ ਕਿ ਉਪਲਬਧ ਕਰਾਈ ਗਈ ਅਤੇ ਇਸ ਫ਼ਾਰਮ ਵਿਚ ਭਰੀ ਗਈ ਸਾਰੀ ਜਾਣਕਾਰੀ ਸਹੀ ਹੈ ਅਤੇ ਮੈਂ ਆਪਣੀ ਆਮਦਨ, ਅਸਾਸਿਆਂ ਅਤੇ ਦੇਣਦਾਰੀਆਂ ਦਾ ਪੂਰਾ ਖ਼ੁਲਾਸਾ ਕੀਤਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ ਮਾਲੀ ਦਰਜੇ ਵਿਚਲੀ ਕਿਸੇ ਵੀ ਤਬਦੀਲੀ ਲਈ DVR ਨੂੰ ਫ਼ੌਰਨ ਰਿਪੋਰਟ ਕਰਨਾ ਮੇਰੀ ਜ਼ਿੰਮੇਵਾਰੀ ਹੈ।

ਮੈਂ ਅੱਗੇ ਸਮਝਦਾ/ਸਮਝਦੀ ਹਾਂ ਕਿ ਜੇ ਮੇਰੇ ਵਲੋਂ ਮੁਹੱਈਆ ਕਰਾਈ ਗਈ ਇਹ ਜਾਣਕਾਰੀ ਗ਼ਲਤ ਜਾਂ ਅਧੂਰੀ ਹੋਈ, ਤਾਂ DVR ਸੇਵਾ ਦੇਣ ਤੋਂ ਮਨ੍ਹਾ ਜਾਂ ਮੁਅੱਤਲ ਕਰ ਸਕਦੀ ਹੈ।

ਜੇ ਉਪਲਬਧ ਅਤੇ ਢੁਕਵੀਂ ਹੈ, ਤਾਂ ਮੇਰੇ ਵਲੋਂ ਦਾਇਰ ਕੀਤੀ ਗਈ ਸਭ ਤੋਂ ਹਾਲੀਆ ਟੈਕਸ ਰਿਟਰਨ ਜਾਂ ਜਿਸ 'ਤੇ ਮੈਨੂੰ ਆਸਰਿਤ ਵਜੋਂ ਸ਼ਾਮਿਲ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ, ਦੀ ਕਾੱਪੀ ਅਤੇ ਜੇ ਢੁਕਵੀਂ ਹੈ, ਤਾਂ ਉਪਲਬਧ ਕਰਾਈ ਗਈ ਜਾਂ ਛੋਟ ਦਿੱਤੀ ਗਈ ਮੇਰੀ ਮੌਜੂਦਾ ਬਚਤ ਅਤੇ ਚੈਕਿੰਗ ਸਟੇਟਮੈਂਟ (ਸਟੇਟਮੈਂਟਾਂ) ਦੀ ਕਾੱਪੀ। ਮੰਗੇ ਜਾਣ 'ਤੇ ਮੈਂ ਆਪਣੇ ਮਾਲੀ ਦਰਜੇ ਦੇ ਹੋਰ ਦਸਤਾਵੇਜ਼ ਦਿਆਂਗਾ/ਦਿਆਂਗੀ।

ਮੈਂ, ਆਪਣੇ ਮਾਲੀ ਦਰਜੇ ਦੇ ਅਧਾਰ 'ਤੇ ਆਪਣੀਆਂ IPE ਸੇਵਾਵਾਂ ਦੀ ਲਾਗਤ ਲਈ ਆਪਣੇ ਯੋਗਦਾਨ ਸਬੰਧੀ ਦਸਤਾਵੇਜ਼ ਲਈ DVR ਦੀ ਸ਼ਰਤ ਨੂੰ ਸਮਝਦਾ/ਸਮਝਦੀ ਹਾਂ।

| ਗਾਹਕ/ਕਾਨੂੰਨੀ ਸਰਪ੍ਰਸਤ ਦੇ ਦਸਤਖ਼ਤ (ਜੇ ਲਾਗੂ ਹੈ) | ਤਾਰੀਖ਼ |
|---|---|
| | |

**H. ਸਲਾਹਕਾਰ ਦਾ ਐਲਾਨਨਾਮਾ**

ਮੈਂ ਇਸ ਫ਼ਾਰਮ ਨੂੰ ਗਾਹਕ, ਮਾਤਾ-ਪਿਤਾ, ਸਰਪ੍ਰਸਤ ਜਾਂ ਦੂਜੇ ਨੁਮਾਇੰਦੇ ਵਲੋਂ ਮੁਹੱਈਆ ਕਰਾਈ ਗਈ ਜਾਣਕਾਰੀ ਨੂੰ ਸਟੀਕ ਢੰਗ ਨਾਲ ਮੁਕੰਮਲ ਕੀਤਾ ਹੈ। ਮੈਂ, ਗਾਹਕ, ਮਾਤਾ-ਪਿਤਾ, ਸਰਪ੍ਰਸਤ ਜਾਂ ਦੂਜੇ ਨੁਮਾਇੰਦੇ ਨੂੰ ਇਸ ਫ਼ਾਰਮ ਦੇ ਉਦੇਸ਼, ਉਸਦੇ ਮਾਲੀ ਦਰਜੇ ਵਿਚਲੀ ਕਿਸੇ ਵੀ ਤਬਦੀਲੀ ਦੀ ਫ਼ੌਰਨ ਰਿਪੋਰਟ ਕੀਤੇ ਜਾਣ ਦੀ ਉਸਦੀ ਜ਼ਿੰਮੇਵਾਰੀ ਅਤੇ ਉਸਦੇ ਮਾਲੀ ਦਰਜੇ ਬਾਰੇ ਵਾਧੂ ਦਸਤਾਵੇਜ਼ ਮੰਗੇ ਜਾਣ ਦੀਆਂ DVR ਦੀਆਂ ਕਿਸੇ ਵੀ ਬੇਨਤੀਆਂ ਦੀ ਪਾਲਣਾ ਕੀਤੇ ਜਾਣ ਬਾਰੇ ਦੱਸ ਦਿੱਤਾ ਹੈ। ਮੈਂ, ਗਾਹਕ, ਮਾਤਾ-ਪਿਤਾ, ਸਰਪ੍ਰਸਤ ਜਾਂ ਦੂਜੇ ਨੁਮਾਇੰਦੇ ਨੂੰ ਉਸਦੇ ਮਾਲੀ ਦਰਜੇ ਦੇ ਅਧਾਰ 'ਤੇ ਗਾਹਕ ਦੀ IPE ਦੀ ਲਾਗਤ ਲਈ ਉਸਦੇ ਯੋਗਦਾਨ ਦੇ ਦਸਤਾਵੇਜ਼ ਲਈ DVR ਦੀਆਂ ਸ਼ਰਤਾਂ ਬਾਰੇ ਵੀ ਦੱਸ ਦਿੱਤਾ ਹੈ।

| ਸਲਾਹਕਾਰ ਦੇ ਦਸਤਖ਼ਤ | ਤਾਰੀਖ਼ | ਲਿਖਿਆ ਗਿਆ ਨਾਂ |
|---|---|---|
| | | |